Roll No. ........................

(01/23-II)

# 5677

## B. A. (Hon.) EXAMINATION

(Fifth Semester)

PUNJABI

Paper XIII

Panjabi Natak

*Time : Three Hours* *Maximum Marks : 80*

ਨੋਟ ਪ੍ਰਸ਼ਨ ਪੱਤਰ ਦੇ ਤਿੰਨ ਭਾਗ ਹਨ। **ਭਾਗ ਪਹਿਲਾ ਅਤੇ ਭਾਗ ਦੂਜਾ** ਵਿੱਚੋਂ ਦੋ-ਦੋ ਪ੍ਰਸ਼ਨ ਕਰਨੇ ਹਨ। ਹਰ ਪ੍ਰਸ਼ਨ 18 ਨੰਬਰ ਦਾ ਹੈ। ਭਾਗ ਤੀਜਾ **ਦੇ ਸਾਰੇ** ਪ੍ਰਸ਼ਨ ਲਾਜ਼ਮੀ ਹਨ। ਇਸ ਭਾਗ ਦੇ ਸਾਰੇ ਪ੍ਰਸ਼ਨ ਇੱਕ ਇੱਕ ਨੰਬਰ ਦੇ ਹਨ।

### ਭਾਗ ਪਹਿਲਾ

ਪ੍ਰਸ਼ਨ 1. ਹਰਚਰਨ ਸਿੰਘ ਦਾ ਪੰਜਾਬੀ ਨਾਟਕ ਦੇ ਖੇਤਰ ਵਿੱਚ ਕੀ ਯੋਗਦਾਨ ਹੈ? ਵਿਸਥਾਰ ਵਿੱਚ ਚਰਚਾ ਕਰੋ।

ਜਾਂ

ਹਰਚਰਨ ਸਿੰਘ ਪੰਜਾਬੀ ਨਾਟਕ ਦਾ ਮੂੰਹ ਮੱਥਾ ਸਵਾਰਨ ਵਾਲੇ ਮੋਢੀ ਨਾਟਕਕਾਰਾਂ ਵਿੱਚ ਪ੍ਰਮੁੱਖ ਸਥਾਨ ਰੱਖਦਾ ਹੈ। ਇਸ ਕਥਨ ਦੀ ਪੁਸ਼ਟੀ ਕਰਦੇ ਹੋਏ ਉਸਦਾ ਪੰਜਾਬੀ ਨਾਟਕ ਵਿੱਚ ਸਥਾਨ ਨਿਸ਼ਚਤ ਕਰੋ। 18×1=18

ਪ੍ਰਸ਼ਨ 2. ਕਪੂਰ ਸਿੰਘ ਘੁੰਮਣ ਨਾਟਕਕਾਰ ਦੇ ਨਾਲ-ਨਾਲ ਸਫਲ ਨਿਰਦੇਸ਼ਕ ਵੀ ਸੀ। ਇਸ ਕਥਨ ਦੀ ਰੋਸ਼ਨੀ ਵਿੱਚ ਘੁੰਮਣ ਦੇ ਪੰਜਾਬੀ ਨਾਟਕ ਤੇ ਰੰਗਮੰਚ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਚਰਚਾ ਕਰੋ।

ਜਾਂ

ਕਪੂਰ ਸਿੰਘ ਘੁੰਮਣ ਦੇ ਸਾਹਿਤਕ ਜੀਵਨ ਬਾਰੇ ਚਰਚਾ ਕਰੋ। 18×1=18

### ਭਾਗ ਦੂਜਾ

ਪ੍ਰਸ਼ਨ 3. ਕੱਲ, ਅੱਜ ਤੇ ਭਲਕ ਨਾਟਕ ਦੀ ਮੂਲ ਸਮੱਸਿਆ ਬਾਰੇ ਆਪਣੇ ਵਿਚਾਰ ਪੇਸ਼ ਕਰੋ।

ਜਾਂ

ਕੱਲ ਅੱਜ ਤੇ ਭਲਕ ਨਾਟਕ ਨੂੰ ਨਾਟਕ ਵਿਧਾ ਦੇ ਪ੍ਰਤੀਮਾਨਾਂ ਦੇ ਆਧਾਰ 'ਤੇ ਪਰਖੋ। 18×1=18

ਪ੍ਰਸ਼ਨ 4. ਅਤੀਤ ਦੇ ਪ੍ਰਛਾਵੇਂ ਨਾਟਕ ਦੇ ਪਾਤਰ ਵਿਧਾਨ ਬਾਰੇ ਚਰਚਾ ਕਰੋ।



Scanned by TapScanner

ਜਾਂ

ਨਾਟਕ 'ਅਤੀਤ ਦੇ ਪਰਛਾਵੇਂ' ਦੀ ਰੰਗਮੰਚੀ ਸਾਰਥਕਤਾ ਬਾਰੇ ਆਪਣੇ ਵਿਚਾਰ ਦਿਓ। 18×1=18

ਭਾਗ ਤੀਜਾ

ਪ੍ਰਸ਼ਨ 5. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਉ

(i) ਹਰਚਰਨ ਸਿੰਘ ਦਾ ਪਹਿਲਾ ਨਾਟਕ ਕਿਹੜਾ ਹੈ?

(ੳ) ਅਣਜੋੜ (ਅ) ਸ਼ੋਭਾ ਸ਼ਕਤੀ

(ੲ) ਕਮਲਾ ਕੁਮਾਰੀ (ਸ) ਕੰਚਨ ਮਾਟੀ

(ii) ਪੰਜਾਬੀ ਰੰਗਮੰਚ ਦੇ ਇਤਿਹਾਸ ਵਿੱਚ ਇਸਤਰੀ ਪਾਤਰ ਦੇ ਰੋਲ ਲਈ ਪਹਿਲੀ ਵਾਰ ਇਸਤਰੀ ਪਾਤਰਾਂ ਨੂੰ ਸਟੇਜ ਉੱਤੇ ਲਿਆਉਣ ਵਾਲਾ ਨਾਟਕਕਾਰ ਕੌਣ ਹੈ?

(ੳ) ਆਈ. ਸੀ. ਨੰਦਾ (ਅ) ਹਰਚਰਨ ਸਿੰਘ

(ੲ) ਬਲਵੰਤ ਗਾਰਗੀ (ਸ) ਕਪੂਰ ਸਿੰਘ ਘੁੰਮਣ

(iii) ਨਾਟਕ 'ਕੱਲ ਅੱਜ ਤੇ ਭਲਕ' ਪਹਿਲੀ ਵਾਰ ਕਦੋਂ ਤੇ ਕਿੱਥੇ ਖੇਡਿਆ ਗਿਆ?

(ੳ) 1971 ਵਿੱਚ ਪਟਿਆਲਾ ਵਿਖੇ (ਅ) 1973 ਵਿੱਚ ਅੰਮ੍ਰਿਤਸਰ ਵਿਖੇ

(ੲ) 1972 ਵਿੱਚ ਪਟਿਆਲਾ ਵਿਖੇ (ਸ) 1983 ਵਿੱਚ ਚੰਡੀਗੜ੍ਹ ਵਿਖ

(iv) 'ਕੱਲ ਅੱਜ ਤੇ ਭਲਕ' ਵਿੱਚ ਗੁਰਾਂ ਕੌਣ ਹੈ?

(ੳ) ਬੁੱਢੀ (ਅ) ਮੁਟਿਆਰ

(ੲ) ਡੇਰੇ ਦੀ ਟਹਿਲਣ (ਸ) ਅਧਿਆਪਕਾ

(v) ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਟਕ ਵਿਭਾਗ ਦੇ ਪਹਿਲੇ ਮੁਖੀ ਕੌਣ ਸਨ ?

(ੳ) ਬਲਵੰਤ ਗਾਰਗੀ (ਅ) ਕਪੂਰ ਸਿੰਘ ਘੁੰਮਣ

(ੲ) ਹਰਚਰਨ ਸਿੰਘ (ਸ) ਸੁਰਜੀਤ ਸਿੰਘ ਸੇਠੀ

(vi) ਕਪੂਰ ਸਿੰਘ ਘੁੰਮਣ ਦੇ ਪਹਿਲੇ ਪੂਰੇ ਨਾਟਕ ਦਾ ਨਾਂ ਦੱਸੋ।

(ੳ) ਅਤੀਤ ਦੇ ਪਛਾਵੇਂ (ਅ) ਅਣਹੋਣੀ

(ੲ) ਵਿਸਮਾਦ ਨਾਦੁ (ਸ) ਪੁਤਲੀ ਘਰ

(vii) 'ਅਤੀਤ ਦੇ ਪਛਾਵੇਂ' ਨਾਟਕ ਵਿੱਚ ਸੰਕੇਤ ਕੌਣ ਹੈ?

(ੳ) ਲਾਲਸਾ ਦਾ ਪਹਿਲਾ ਪਤੀ (ਅ) ਕਿਸ਼ਤੀ ਦਾ ਮਾਲਕ

(ੲ) ਲਾਲਸਾ ਦਾ ਪਿਤਾ (ਸ) ਲਾਲਸਾ ਦਾ ਦੂਜਾ ਪਤੀ

(viii) 'ਕੱਲ ਅੱਜ ਤੇ ਭਲਕ' ਨਾਟਕ 17 ਨਵੰਬਰ 1972 ਨੂੰ ਟੈਗੋਰ ਥੀਏਟਰ ਵਿੱਚ ਕਿਸ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ?

(ੳ) ਹਰਚਰਨ ਸਿੰਘ (ਅ) ਹਰਪਾਲ ਟਿਵਾਣਾ

(ੲ) ਮਹੇਸ਼ ਕੌਸ਼ਲ (ਸ) ਗੁਰਸ਼ਰਨ ਸਿੰਘ

(ix) ਕਪੂਰ ਸਿੰਘ ਘੁੰਮਣ ਉੱਪਰ ਕਿਸ ਵਿਦੇਸ਼ੀ ਨਾਟਕਕਾਰ ਦਾ ਪ੍ਰਭਾਵ ਵਧੇਰੇ ਹੈ?

(ੳ) ਸਟਰਿੰਗਬਰਡ (ਅ) ਸ਼ੈਕਸਪੀਅਰ

(ੲ) ਹੈਨਰਿਕ ਇਬਸਨ (ਸ) ਚੈਖਵ

(x) ਕਪੂਰ ਸਿੰਘ ਘੁੰਮਣ ਨੂੰ ਕੇਂਦਰੀ ਸਾਹਿਤ ਅਕਾਦਮੀ ਦਾ ਅਵਾਰਡ ਕਿਸ ਨਾਟਕ ਲਈ ਮਿਲਿਆ ?

(ੳ) ਅਤੀਤ ਦੇ ਪਛਾਵੇਂ (ਅ) ਪੁਤਲੀ ਘਰ

(ੲ) ਰਾਣੀ ਕੋਕਲਾਂ (ਸ) ਪਾਗਲ ਲੋਕ 1×10=10



Scanned by TapScanner